Punjabi

Gangmasters &
Labour Abuse Authority



# ਮਜ਼ਦੂਰਾਂ ਦੇ ਅਧਿਕਾਰ

## ਕਮਜ਼ੋਰ ਅਤੇ ਸ਼ੋਸ਼ਿਤ ਮਜ਼ਦੂਰਾਂ ਨੂੰ ਸੁਰੱਖਿਅਤ ਕਰਨਾ

# ਤੁਹਾਡੇ ਰੋਜ਼ਗਾਰ ਦੇ ਅਧਿਕਾਰ

ਇੱਕ ਮਜ਼ਦੂਰ ਵਜੋਂ ਤੁਹਾਡੇ ਅਧਿਕਾਰਾਂ ਨੂੰ ਯੂ.ਕੇ. ਦੇ ਕਾਨੂੰਨ ਰਾਹੀਂ ਸੁਰੱਖਿਅਤ ਕੀਤਾ ਗਿਆ ਹੈ। ਕੁਝ ਕੁ ਅਧਿਕਾਰ ਛੇਤੀ ਹੀ ਲਾਗੂ ਹੋ ਜਾਂਦੇ ਹਨ ਜਦੋਂ ਤੁਸੀਂ ਨੌਕਰੀ ਪ੍ਰਾਪਤ ਕਰਦੇ ਹੋ, ਦੂਜੇ ਨਿਰਭਰ ਕਰਦੇ ਹਨ ਕਿ ਤੁਸੀਂ ਕਿੰਨੇ ਸਮੇਂ ਤੱਕ ਕੰਮ ਕਰਦੇ ਹੋ। ਇਹ ਸੈਕਸ਼ਨ ਸਥਾਪਿਤ ਕਰਦਾ ਹੈ ਕਿ ਤੁਹਾਨੂੰ ਆਪਣੇ ਰੋਜ਼ਗਾਰ ਪ੍ਰਦਾਤਾ ਤੋਂ ਕੀ ਉਮੀਦ ਕਰਨੀ ਚਾਹੀਦੀ ਹੈ। ਇਹ ਤੁਹਾਡੇ ਕਾਨੂੰਨੀ ਅਧਿਕਾਰ ਹਨ।

## ਰਾਸ਼ਟਰੀ ਨਿਊਨਤਮ ਭੱਤਾ (National Minimum Wage)

ਜੇਕਰ ਤੁਸੀਂ ਇੱਕ ਸਥਾਈ ਨੌਕਰੀ ਕਰ ਰਹੇ ਹੋ, ਇੱਕ ਥੋੜ੍ਹੇ ਸਮੇਂ ਵਾਲੇ ਇਕਰਾਰਨਾਮੇ ਉੱਤੇ ਜਾਂ ਇੱਕ ਏਜੰਸੀ ਲਈ ਕੰਮ ਕਰ ਰਹੇ ਹੋ, ਤਾਂ ਜਿਹੜੀ ਘੱਟ ਤੋਂ ਘੱਟ ਰਕਮ ਤੁਹਾਨੂੰ ਮਿਲਣੀ ਚਾਹੀਦੀ ਹੈ, ਉਹ ਉਚਿੱਤ ਨਿਊਨਤਮ ਭੱਤਾ ਹੁੰਦੀ ਹੈ। ਇਹ ਤੁਹਾਡੀ ਉਮਰ ਉੱਤੇ ਨਿਰਭਰ ਕਰਦਿਆਂ, ਰਾਸ਼ਟਰੀ ਨਿਊਨਤਮ ਭੱਤਾ (National Minimum Wage ਜਾਂ NMW) ਜਾਂ ਰਾਸ਼ਟਰੀ ਆਜੀਵਿਕਾ ਭੱਤਾ (National Living Wage ਜਾਂ NLW) ਹੋ ਸਕਦਾ ਹੈ।

ਜੇਕਰ ਤੁਸੀਂ 'ਪੀਸ ਵਰਕ' ('piece work') ਤਨਖ਼ਾਹ ਲੈਂਦੇ ਹੋ (ਉਦਾਹਰਣ ਵਜੋਂ ਉਨ੍ਹਾਂ ਚੀਜ਼ਾਂ ਦੀ ਗਿਣਤੀ ਜੋ ਤੁਸੀਂ ਪੂਰੀਆਂ ਕਰਦੇ ਹੋ, ਪੈਕ ਕਰਦੇ ਹੋ, ਚੁੱਕਦੇ ਹੋ ਆਦਿ) ਤਾਂ ਵੀ ਤੁਹਾਨੂੰ ਘੱਟੋ ਘੱਟ ਉਚਿੱਤ ਨਿਊਨਤਮ ਭੱਤੇ ਦੇ ਬਰਾਬਰ ਪੈਸੇ ਕਮਾਉਣੇ ਚਾਹੀਦੇ ਹਨ। ਸਵੈ-ਰੋਜ਼ਗਾਰ ਅਤੇ ਵਾਲੰਟੀਅਰ ਮਜ਼ਦੂਰਾਂ ਸਮੇਤ ਇਸ ਵਿੱਚ ਕੁਝ ਕੁ ਅਪਵਾਦ ਹਨ।

ਨਿਊਨਤਮ ਅਤੇ ਆਜੀਵਿਕਾ ਭੱਤਾ ਦਰਾਂ 'ਤੇ ਹੋਰ ਜਾਣਕਾਰੀ ਲੈਣ ਲਈ **GOV.UK** 'ਤੇ ਜਾਓ ਅਤੇ **'NMW'** ਦੀ ਖੋਜ ਕਰੋ।

## ਕੰਮ ਦੇ ਘੰਟੇ

ਤੁਹਾਨੂੰ ਕਿਸੇ ਵੀ ਓਵਰਟਾਈਮ ਸਮੇਤ, ਇੱਕ ਹਫ਼ਤੇ ਵਿੱਚ 48 ਘੰਟੇ ਤੋਂ ਵੱਧ ਕੰਮ ਨਹੀਂ ਕਰਨਾ ਚਾਹੀਦਾ, ਜਦੋਂ ਤੱਕ ਤੁਸੀਂ ਅਜਿਹਾ ਕਰਨ ਦੀ ਚੋਣ ਨਹੀਂ ਕਰਦੇ ਹੋ।

ਤੁਹਾਡੇ ਕੋਲ ਘੱਟੋ ਘੱਟ ਇੱਕ ਦਿਨ ਪ੍ਰਤੀ ਹਫ਼ਤਾ, ਜਾਂ ਹਰੇਕ ਦੋ ਹਫ਼ਤਿਆਂ 'ਤੇ ਦੋ ਦਿਨ ਛੁੱਟੀ ਕਰਨ ਦਾ ਅਧਿਕਾਰ ਹੁੰਦਾ ਹੈ। ਜੇਕਰ ਤੁਸੀਂ ਪ੍ਰਤੀ ਦਿਨ ਛੇ ਘੰਟੇ ਤੋਂ ਵੱਧ ਲਈ ਕੰਮ ਕਰਦੇ ਹੋ, ਤੁਹਾਨੂੰ ਘੱਟੋ ਘੱਟ 20 ਮਿੰਟ ਆਰਾਮ ਕਰਨ ਲਈ ਇੱਕ ਬਰੇਕ ਲੈਣੀ ਚਾਹੀਦੀ ਹੈ।

## ਸਾਲਾਨਾ ਛੁੱਟੀ

ਆਪਣੇ ਕੰਮ 'ਤੇ ਪਹਿਲੇ ਦਿਨ ਤੋਂ ਸ਼ੁਰੂ ਕਰਕੇ, ਤੁਸੀਂ ਕਾਨੂੰਨ ਅਨੁਸਾਰ ਭੁਗਤਾਨ ਵਾਲੀ ਛੁੱਟੀ ਦੇ ਘੱਟੋ ਘੱਟ ਹਫ਼ਤਿਆਂ ਲਈ ਹੱਕਦਾਰ ਹੁੰਦੇ ਹੋ। ਇਸ ਵਿੱਚ ਪਾਰਟ ਟਾਇਮ ਅਤੇ ਨਿਸ਼ਚਿਤ ਸਮੇਂ ਦੇ ਇਕਰਾਰਨਾਮੇ ਵਾਲੇ ਮਜ਼ਦੂਰ ਸ਼ਾਮਿਲ ਹੁੰਦੇ ਹਨ। ਨਵੀਨਤਮ ਜਾਣਕਾਰੀ ਲੈਣ ਲਈ **'pay and work rights'** (ਤਨਖ਼ਾਹ ਅਤੇ ਕੰਮ ਦੇ ਅਧਿਕਾਰਾਂ) ਦੀ ਖੋਜ **GOV.UK** ਉੱਤੇ ਕਰੋ।

ਤੁਹਾਡੀ ਛੁੱਟੀ ਦੀ ਪਾਤਰਤਾ ਦੇ ਵੇਰਵੇ ਤੁਹਾਡੇ ਰੋਜ਼ਗਾਰ ਦੇ ਇਕਰਾਰਨਾਮੇ ਵਿੱਚ ਸ਼ਾਮਿਲ ਹੋਣੇ ਚਾਹੀਦੇ ਹਨ। ਇਹ ਤੁਹਾਡੇ ਸਧਾਰਨ ਕੰਮਕਾਜੀ ਘੰਟਿਆਂ ਉੱਤੇ ਅਧਾਰਿਤ ਹੁੰਦਾ ਹੈ (ਪਾਰਟ-ਟਾਈਮ ਮਜ਼ਦੂਰਾਂ ਲਈ ਸਹੀ ਅਨੁਪਾਤ ਵਿੱਚ), ਜੋ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਤੁਸੀਂ ਆਪਣੇ ਰੋਜ਼ਗਾਰ ਪ੍ਰਦਾਤਾ ਲਈ ਕੰਮ ਕਰਦੇ ਹੋ ਅਤੇ ਤੁਹਾਡੀ ਸਾਧਾਰਨ ਕੰਮਕਾਜੀ ਦਰ 'ਤੇ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਤੁਹਾਡੇ ਰੋਜ਼ਗਾਰ ਪ੍ਰਦਾਤੇ ਨੂੰ ਫੈਸਲਾ ਕਰਨ ਦਾ ਅਧਿਕਾਰ ਹੁੰਦਾ ਹੈ ਕਿ ਤੁਸੀਂ ਛੁੱਟੀ ਕਦੋਂ ਲਓ, ਪਰ ਜੇਕਰ ਤੁਹਾਨੂੰ ਇਜਾਜ਼ਤ ਲੈਣ ਵਿੱਚ ਸਮੱਸਿਆ ਆਉਂਦੀ ਹੈ ਤਾਂ ਤੁਹਾਨੂੰ GLAA ਨੂੰ ਕਾਲ ਕਰਨੀ ਚਾਹੀਦੀ ਹੈ।

ਜਦੋਂ ਤੁਸੀਂ ਆਪਣੀ ਨੌਕਰੀ ਛੱਡਦੇ ਹੋ, ਉਹ ਕੋਈ ਵੀ ਛੁੱਟੀ ਜੋ ਬਣਦੀ ਹੋਵੇ ਪਰ ਲਈ ਨਾ ਗਈ ਹੋਵੇ, ਉਸ ਦਾ ਤੁਹਾਨੂੰ ਭੁਗਤਾਨ ਕੀਤਾ ਜਾਣਾ ਚਾਹੀਦਾ ਹੈ। ਜੇਕਰ ਤੁਹਾਡਾ ਰੋਜ਼ਗਾਰ ਪ੍ਰਦਾਤਾ ਤੁਹਾਨੂੰ ਕੋਈ ਵੀ ਛੁੱਟੀ ਲੈਣ ਦੀ ਇਜਾਜ਼ਤ ਨਹੀਂ ਦੇਵੇਗਾ ਜਾਂ ਤੁਹਾਨੂੰ ਉਸ ਛੁੱਟੀ ਦਾ ਭੁਗਤਾਨ ਲੈਣਾ ਹੈ, ਤੁਸੀਂ ਪੈਸੇ ਵਾਪਸ ਲੈਣ ਦਾ ਦਾਅਵਾ ਕਰਨ ਲਈ Acas Helpline (ਏਕਾਸ ਹੈਲਪਲਾਈਨ) ਜਾਂ Citizens Advice (ਸਿਟੀਜ਼ਨਜ ਐਡਵਾਇਸ) ਨਾਲ ਸੰਪਰਕ ਕਰ ਸਕਦੇ ਹੋ। ਹੋਰ ਸੰਪਰਕ ਨੰਬਰ ਲੱਭਣ ਵਿੱਚ ਮਦਦ ਲਈ **www.gla.gov.uk/contacts** ਨੂੰ ਦੇਖੋ।

## ਆਈਟਮਾਂ ਦੇ ਹਿਸਾਬ ਨਾਲ ਪੇ ਸਲਿੱਪ

ਤੁਹਾਨੂੰ ਉਸ ਦਿਨ 'ਤੇ ਇੱਕ ਪੇ ਸਲਿੱਪ ਪ੍ਰਾਪਤ ਕਰਨੀ ਚਾਹੀਦੀ ਹੈ ਜਦੋਂ ਤੁਹਾਨੂੰ ਭੁਗਤਾਨ ਕੀਤਾ ਜਾਂਦਾ ਹੈ ਜਿਹੜੀ ਤੁਹਾਡੀ ਕੁੱਲ ਅਤੇ ਘਰ ਲਿਜਾਉਣ ਵਾਲੀ ਤਨਖ਼ਾਹ ਨੂੰ ਦਰਸਾਉਂਦੀ ਹੋਵੇ। ਇਹ ਇੱਕ ਪ੍ਰਿੰਟਿਡ ਜਾਂ ਇਲੈਕਟ੍ਰੋਨਿਕ ਦਸਤਾਵੇਜ਼ ਹੋ ਸਕਦਾ ਹੈ ਅਤੇ ਇਸ 'ਤੇ ਤੁਹਾਡੀ ਤਨਖ਼ਾਹ ਵਿੱਚੋਂ ਕੀਤੀਆਂ ਕਿਸੇ ਵੀ ਕਟੌਤੀਆਂ ਦੀ ਰਕਮ ਅਤੇ ਉਸ ਦੇ ਕਾਰਣ ਨੂੰ ਸੂਚੀਬੱਧ ਕੀਤਾ ਗਿਆ ਹੋਣਾ ਚਾਹੀਦਾ ਹੈ।

ਕਟੌਤੀਆਂ ਜਿਵੇਂ ਕਿ ਟੈਕਸ ਅਤੇ ਰਾਸ਼ਟਰੀ ਬੀਮਾ ਹਫ਼ਤੇ ਬਾਅਦ ਬਦਲ ਸਕਦੇ ਹਨ ਅਤੇ ਇਹਨਾਂ ਨੂੰ ਹਰੇਕ ਪੇ ਸਲਿੱਪ 'ਤੇ ਸੂਚੀਬੱਧ ਕੀਤਾ ਜਾਣਾ ਚਾਹੀਦਾ ਹੈ। ਤੁਹਾਨੂੰ ਸਮੇਂ ਸਿਰ ਆਪਣੀ ਸਹਿਮਤ ਹੋਈ ਤਨਖ਼ਾਹ ਪ੍ਰਾਪਤ ਕਰਨੀ ਚਾਹੀਦੀ ਹੈ ਅਤੇ ਇਸ ਵਿੱਚ ਤੁਹਾਨੂੰ ਦੇਣ-ਯੋਗ ਕੋਈ ਵੀ ਛੁੱਟੀ ਵਾਲੀ ਜਾਂ ਬਿਮਾਰੀ ਦੀ ਤਨਖ਼ਾਹ ਸ਼ਾਮਿਲ ਹੋਣੀ ਚਾਹੀਦੀ ਹੈ।

## ਭੱਤਿਆਂ ਦੀਆਂ ਕਟੌਤੀਆਂ

ਤੁਹਾਡਾ ਰੋਜ਼ਗਾਰ ਪ੍ਰਦਾਤਾ ਤੁਹਾਡੇ ਭੱਤਿਆਂ ਵਿੱਚੋਂ ਕੁਝ ਕੁ ਹੀ ਕਟੌਤੀਆਂ ਕਰ ਸਕਦਾ ਹੈ ਅਤੇ ਉਨ੍ਹਾਂ ਨੂੰ ਤੁਹਾਡੀ ਪੇ ਸਲਿੱਪ ਉੱਤੇ ਸੂਚੀਬੱਧ ਕਰਨਾ ਲਾਜ਼ਮੀ ਹੁੰਦਾ ਹੈ। ਤੁਹਾਨੂੰ ਕਟੌਤੀਆਂ ਕਰਨ ਤੋਂ ਬਾਅਦ ਸਲਿੱਪ 'ਤੇ ਦਰਸਾਈ 'ਨੈੱਟ ਰਕਮ' ('net amount') ਹਮੇਸ਼ਾ ਮਿਲਣੀ ਚਾਹੀਦੀ ਹੈ।

ਕੁਝ ਕੁ ਕਟੌਤਿਆਂ ਨਿਯਾਮਕ ਹੁੰਦੀਆਂ ਹਨ, ਜਿਵੇਂ ਟੈਕਸ ਅਤੇ ਰਾਸ਼ਟਰੀ ਬੀਮਾ ਅਨੁਦਾਨ, ਅਤੇ ਹੋਰ ਜਿਨ੍ਹਾਂ 'ਤੇ ਤੁਸੀਂ ਅਪਣੇ ਰੋਜ਼ਗਾਰ ਦੇ ਇਕਰਾਰਨਾਮੇ ਵਿੱਚ ਸਹਿਮਤ ਹੋਏ ਹੋ ਸਕਦੇ ਹੋ, ਉਦਾਹਰਣ ਵਜੋਂ ਰਿਹਾਇਸ਼ ਜਾਂ ਟ੍ਰਾਂਸਪੋਰਟ ਖਰਚੇ। ਕਿਰਪਾ ਕਰਕੇ ਨੋਟ ਕਰੋ ਕਿ ਇਕਰਾਰਨਾਮਿਆਂ ਵਿੱਚ ਦਰਸਾਈਆਂ ਕੁਝ ਕੁ ਕਟੌਤੀਆਂ ਕਾਨੂੰਨੀ ਨਹੀਂ ਵੀ ਹੋ ਸਕਦੀਆਂ ਹਨ। ਜੇਕਰ ਤੁਹਾਨੂੰ ਨਾ ਪਤਾ ਹੋਵੇ, ਤਾਂ GLAA ਕੋਲੋਂ ਪੁੱਛੋ।

ਜੇਕਰ ਤੁਸੀਂ ਇੱਕ ਕਟੌਤੀ ਨਾਲ ਸਹਿਮਤ ਵੀ ਹੋਏ ਹੋਵੋ ਤਾਂ ਵੀ ਇਹ ਲਾਜ਼ਮੀ ਹੈ ਕਿ ਇਸ ਨਾਲ ਤੁਹਾਡੀ ਤਨਖ਼ਾਹ ਉਚਿੱਤ ਨਿਊਨਤਮ ਭੱਤੇ ਤੋਂ ਘੱਟ ਨਾ ਜਾਏ, ਰਿਹਾਇਸ਼ ਲਈ ਇੱਕ ਸੀਮਿਤ ਰਕਮ ਤੋਂ ਇਲਾਵਾ। ਨਵੀਨਤਮ ਜਾਣਕਾਰੀ ਲੈਣ ਲਈ **'pay and work rights'** (ਤਨਖ਼ਾਹ ਅਤੇ ਕੰਮ ਦੇ ਅਧਿਕਾਰਾਂ) ਦੀ ਖੋਜ **GOV.UK** ਉੱਤੋ ਕਰੋ।

## ਸਿਹਤ ਅਤੇ ਸੁਰੱਖਿਆ

ਤੁਹਾਡੇ ਰੋਜ਼ਗਾਰ ਪ੍ਰਦਾਤੇ ਦੀ ਕੰਮ ਵਿਖੇ ਤੁਹਾਡੀ ਸਿਹਤ ਅਤੇ ਸੁਰੱਖਿਆ ਲਈ ਇੱਕ ਕਾਨੂੰਨੀ ਜ਼ਿੰਮੇਵਾਰੀ ਹੁੰਦੀ ਹੈ। ਤੁਹਾਨੂੰ ਜਿੱਥੇ ਉੱਚਿਤ ਹੋਵੇ, ਸਿਹਤ ਅਤੇ ਸੁਰੱਖਿਆ ਜਾਣਕਾਰੀ, ਟ੍ਰੇਨਿੰਗ, ਸੁਰੱਖਿਆਤਮਕ ਕੱਪੜੇ ਅਤੇ ਕੋਈ ਵੀ ਜ਼ਰੂਰੀ ਰੀਪਲੇਸਮੈਂਟ ਮੁਫ਼ਤ ਮਿਲਣੇ ਚਾਹੀਦੇ ਹਨ।

## ਬਿਮਾਰੀ ਲਈ ਭੁਗਤਾਨ

ਤੁਹਾਡੇ ਰੋਜ਼ਗਾਰ ਦੇ ਇਕਰਾਰਨਾਮੇ ਵਿੱਚ ਲਿਖਿਆ ਹੋਣਾ ਚਾਹੀਦਾ ਹੈ ਕਿ ਜੇਕਰ ਤੁਸੀਂ ਬਿਮਾਰੀ ਦੌਰਾਨ ਗੈਰ-ਹਾਜ਼ਰ ਰਹਿੰਦੇ ਹੋ ਤਾਂ ਤੁਹਾਨੂੰ ਕਿੰਨੀ ਤਨਖ਼ਾਹ ਮਿਲੇਗੀ। ਉਹ ਘੱਟੋ ਘੱਟ ਰਕਮ ਜਿਸ ਲਈ ਤੁਸੀਂ ਯੂ.ਕੇ. ਵਿੱਚ ਹੱਕਦਾਰ ਹੁੰਦੇ ਹੋ ਉਹ ਬਿਮਾਰੀ ਲਈ ਕਾਨੂੰਨੀ ਤਨਖ਼ਾਹ (Statutory Sick Pay (SSP)) ਹੁੰਦੀ ਹੈ। ਇਹ ਉਦੋਂ ਲਾਗੂ ਹੁੰਦਾ ਹੈ ਜਦੋਂ ਤੁਸੀਂ ਲਗਾਤਾਰ ਚਾਰ ਜਾਂ ਵੱਧ ਦਿਨਾਂ ਲਈ ਕੰਮ 'ਤੇ ਨਹੀਂ ਹੁੰਦੇ ਹੋ। ਦੂਜੇ ਹਾਲਾਤਾਂ ਵਿੱਚ ਤੁਹਾਡਾ ਇਕਰਾਰਨਾਮਾ ਤੁਹਾਨੂੰ ਵਾਧੂ ਤਨਖ਼ਾਹ ਜਾਂ ਲਾਭ ਪ੍ਰਦਾਨ ਕਰ ਸਕਦਾ ਹੈ।

## ਤੁਹਾਡੇ ਨਿਯਮ ਅਤੇ ਸ਼ਰਤਾਂ

ਇਹ ਤੁਹਾਡੇ ਅਤੇ ਤੁਹਾਡੇ ਰੋਜ਼ਗਾਰ ਪ੍ਰਦਾਤਾ ਵਿਚਕਾਰ ਇੱਕ ਸਮਝੌਤਾ ਹੁੰਦਾ ਹੈ। ਕਾਨੂੰਨੀ ਤੌਰ 'ਤੇ, ਜੇਕਰ ਤੁਸੀਂ ਇੱਕ ਮਹੀਨੇ ਤੋਂ ਵੱਧ ਲਈ ਕੰਮ ਕਰਦੇ ਰਹਿੰਦੇ ਹੋ ਤਾਂ ਤੁਹਾਨੂੰ ਤੁਹਾਡੇ ਨਿਯਮ ਅਤੇ ਸ਼ਰਤਾਂ ਦੇ ਲਿਖਤੀ ਵੇਰਵੇ ਦਿੱਤੇ ਜਾਣੇ ਲਾਜ਼ਮੀ ਹਨ।

ਤੁਹਾਨੂੰ ਕੰਮ ਸ਼ੁਰੂ ਕਰਨ ਤੋਂ ਦੋ ਮਹੀਨਿਆਂ ਅੰਦਰ ਰੋਜ਼ਗਾਰ ਦੇ ਲਿਖਤੀ ਨਿਯਮ ਅਤੇ ਸ਼ਰਤਾਂ ਮਿਲਣੀਆਂ ਚਾਹੀਦੀਆਂ ਹਨ, ਅਤੇ ਉਨ੍ਹਾਂ ਵਿੱਚ ਹੇਠਾਂ ਦਿੱਤੀ ਜਾਣਕਾਰੀ ਸ਼ਾਮਿਲ ਹੋਣੀ ਲਾਜ਼ਮੀ ਹੈ:

- ਤੁਹਾਡਾ ਨਾਮ
- ਤੁਸੀਂ ਕਿਸ ਲਈ ਕੰਮ ਕਰੋਗੇ
- ਤੁਸੀਂ ਕਿਸ ਕਿਸਮ ਦਾ ਕੰਮ ਕਰੋਗੇ
- ਉਹ ਮਿਤੀ ਜਦੋਂ ਤੁਸੀਂ ਕੰਮ ਸ਼ੁਰੂ ਕੀਤਾ
- ਤੁਹਾਡੇ ਕੰਮ ਦਾ ਸਥਾਨ
- ਤੁਹਾਡੀ ਤਨਖ਼ਾਹ ਦੀ ਦਰ ਅਤੇ ਤੁਹਾਨੂੰ ਕਿੰਨੀ ਅਕਸਰ ਭੁਗਤਾਨ ਕੀਤਾ ਜਾਏਗਾ (ਹਫ਼ਤੇ ਬਾਅਦ ਜਾਂ ਮਹੀਨੇ ਬਾਅਦ)
- ਕੰਮ ਦੇ ਘੰਟੇ
- ਛੁੱਟੀ ਲਈ ਪਾਤਰਤਾ
- ਬਿਮਾਰੀ ਲਈ ਤਨਖ਼ਾਹ ਵਾਸਤੇ ਪਾਤਰਤਾ
- ਅਨੁਸ਼ਾਸ਼ਨਿਕ, ਬਰਖਾਸਤਗੀ ਅਤੇ ਸ਼ਿਕਾਇਤ ਕਾਰਜਵਿਧੀਆਂ
- ਉਹ ਨੋਟਿਸ ਜੋ ਤੁਹਾਨੂੰ ਅਸਤੀਫਾ ਦੇਣ ਵੇਲੇ ਦੇਣਾ ਚਾਹੀਦਾ ਹੈ, ਜਾਂ ਬਰਖਾਸਤਗੀ ਤੋਂ ਬਾਅਦ ਪ੍ਰਾਪਤ ਕਰਨਾ ਚਾਹੀਦਾ ਹੈ

ਤੁਹਾਡਾ ਰੋਜ਼ਗਾਰ ਪ੍ਰਦਾਤਾ ਕੇਵਲ ਤੁਹਾਡੀ ਇਜਾਜ਼ਤ ਦੇ ਨਾਲ ਹੀ ਤੁਹਾਡੇ ਇਕਰਾਰਨਾਮੇ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਬਦਲ ਸਕਦਾ ਹੈ।

# ਸਾਡੇ ਨਾਲ ਸੰਪਰਕ ਕਰੋ

Gangmasters &
Labour Abuse Authority

PO Box 10272, Nottingham, NG2 9PB

**www.gla.gov.uk**

ਈਮੇਲ: **intelligence@glaa.gsi.gov.uk**

+44 (0)345 602 5020

**ਮੁਫ਼ਤ ਗੁਪਤ** ਰਿਪੋਰਟਿੰਗ ਲਾਈਨ:

0800 432 0804

ਵਧੇਰੀ ਸਹਾਇਤਾ ਪ੍ਰਾਪਤ ਕਰਨ ਲਈ **www.gla.gov.uk/contacts** 'ਤੇ ਜਾਓ

Gangmasters &
Labour Abuse Authority

UNIVERSITY
of DERBY

ਇਸ਼ਤਿਹਾਰਾਂ ਨੂੰ

# GLAA ਅਕੈਡਮੀ
# ਡਰਬੀ ਯੂਨੀਵਰਸਿਟੀ

ਨਾਲ ਇੱਕ ਪਾਰਟਨਰਸ਼ਿੱਪ ਰਾਹੀਂ
ਵਿੱਤ ਪ੍ਰਦਾਨ ਕੀਤਾ ਗਿਆ



# GLAA ਬਾਰੇ

## Gangmasters & Labour Abuse Authority (GLAA) ਇੱਕ ਸੰਗਠਨ ਹੈ ਜੋ ਮਜ਼ਦੂਰਾਂ ਨੂੰ ਸ਼ੋਸ਼ਣ ਤੋਂ ਬਚਾਉਣ ਲਈ ਸਥਾਪਿਤ ਕੀਤਾ ਗਿਆ ਹੈ।

ਅਸੀਂ ਮਾਹਿਰ ਤਫ਼ਤੀਸ਼ਕਰਤਾਵਾਂ ਨੂੰ ਕੰਮ 'ਤੇ ਲਗਾਉਂਦੇ ਹਾਂ ਜੋ ਭੱਤਿਆਂ ਦੇ ਘੱਟ ਭੁਗਤਾਨ ਤੋਂ ਲੈ ਕੇ ਜਬਰਨ ਮਜ਼ਦੂਰੀ ਕਰਾਉਣ ਵਾਲੇ ਅਪਰਾਧਾਂ, ਮਨੁੱਖਾਂ ਦੀ ਚੋਰੀ ਅਤੇ ਆਧੁਨਿਕ ਗੁਲਾਮੀ ਦੇ ਦੂਜੇ ਪੱਖਾਂ ਨਾਲ ਸਬੰਧਤ ਮਜ਼ਦੂਰਾਂ ਦੀਆਂ ਸਮੱਸਿਆਵਾਂ ਦੀ ਜਾਂਚ ਕਰਨ ਦੇ ਯੋਗ ਹੁੰਦੇ ਹਨ।

GLAA ਨੇ 'ਗੈਂਗਮਾਸਟਰਾਂ' – ਕੰਪਨੀਆਂ ਅਤੇ ਉਨ੍ਹਾਂ ਵਿਅਕਤੀਆਂ ਲਈ ਇੱਕ ਰੋਬੱਸਟ ਲਾਇਸੰਸਿੰਗ ਸਕੀਮ ਦਾ ਲਗਾਤਾਰ ਸੰਚਾਲਣ ਕਰਦੇ ਹਨ, ਜੋ ਯੂ.ਕੇ. ਫਰੈਸ਼ ਪ੍ਰੋਡਿਊਜ਼ ਸੈਕਟਰ ਵਿੱਚ ਭੂਮਿਕਾਵਾਂ ਨਿਭਾਉਣ ਲਈ ਮਜ਼ਦੂਰ ਸਪਲਾਈ ਕਰਦੇ ਹਨ। ਇਹ ਖੇਤੀਬਾੜੀ, ਬਾਗਵਾਨੀ, ਘੋਗੇ ਇਕੱਠੇ ਕਰਨਾ ਅਤੇ ਸਾਰੀ ਸਬੰਧਤ ਪ੍ਰਕਿਰਿਆ ਅਤੇ ਪੈਕੇਜਿੰਗ ਨੂੰ ਕਵਰ ਕਰਦਾ ਹੈ।

ਸਾਰੇ ਲਾਇਸੰਸਸ਼ੁਦਾ ਗੈਂਗਮਾਸਟਰਾਂ ਨੂੰ ਲਾਇਸੰਸਿੰਗ ਦੇ ਸਾਰੇ ਸਖ਼ਤ ਮਿਆਰਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਬਿਨਾਂ ਲਾਇਸੰਸ ਉੱਪਰ ਦਰਸਾਏ ਉਦਯੋਗਾਂ ਵਿੱਚ ਅਸਥਾਈ ਮਜ਼ਦੂਰਾਂ ਨੂੰ ਸਪਲਾਈ ਕਰਨਾ ਇੱਕ ਫੌਜਦਾਰੀ ਅਪਰਾਧ ਹੈ ਜਿਸ ਕਾਰਣ ਵੱਧ ਤੋਂ ਵੱਧ 10 ਸਾਲ ਦੀ ਸਜ਼ਾ ਮਿਲਦੀ ਹੈ। ਇੱਕ ਲਾਇਸੰਸ ਰਹਿਤ ਮਜ਼ਦੂਰ ਪ੍ਰਦਾਤੇ ਨਾਲ ਪ੍ਰਬੰਧਾਂ ਵਿੱਚ ਸ਼ਾਮਿਲ ਹੋਣਾ ਵੀ ਇੱਕ ਫੌਜਦਾਰੀ ਅਪਰਾਧ ਹੈ। ਇਸ ਕਾਰਣ ਵੱਧ ਤੋਂ ਵੱਧ ਛੇ ਮਹੀਨਿਆਂ ਦੀ ਸਜ਼ਾ ਮਿਲਦੀ ਹੈ।

# ਮਜ਼ਦੂਰ ਦੇ ਸ਼ੋਸ਼ਣ ਨੂੰ ਰੋਕਣ ਵਿੱਚ ਮਦਦ ਕਰੋ

ਤੁਹਾਡੇ ਅਧਿਕਾਰਾਂ ਨੂੰ ਸੁਰੱਖਿਅਤ ਰੱਖਣ ਅਤੇ ਇਹ ਸੁਨਿਸ਼ਚਿਤ ਕਰਨ ਲਈ ਕਿ ਤੁਸੀਂ ਉਨ੍ਹਾਂ ਹਾਲਤਾਂ ਤਹਿਤ ਕੰਮ ਕਰਦੇ ਹੋ ਜਿਨ੍ਹਾਂ ਲਈ ਤੁਹਾਨੂੰ ਕਾਨੂੰਨ ਦੁਆਰਾ ਅਧਿਕਾਰ ਪ੍ਰਾਪਤ ਹੈ, ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ। ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ ਜੇਕਰ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਨਾਲ ਠੀਕ, ਉਚਿੱਤ ਜਾਂ ਕਾਨੂੰਨ ਅਨੁਸਾਰ ਵਤੀਰਾ ਨਹੀਂ ਕੀਤਾ ਗਿਆ ਹੈ।

### ਤੁਹਾਡੀ ਜਾਣਕਾਰੀ ਤੋਂ ਬਿਨਾਂ ਅਸੀਂ ਮਦਦ ਨਹੀਂ ਕਰ ਸਕਦੇ ਹਾਂ

ਤੁਸੀਂ ਕਰ ਸਕਦੇ ਹੋ:

- ਸਾਡੇ ਨਾਲ ਸਿੱਧਿਆਂ ਗੱਲ ਕਰਨ ਲਈ **0345 602 5020** (ਵਿਕਲਪ 2) 'ਤੇ - ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ (ਦੁਭਾਸ਼ੀਏ ਉਪਲਬਧ ਹੁੰਦੇ ਹਨ) ਕਾਲ ਕਰੋ
- ਇੱਥੇ ਈ-ਮੇਲ ਕਰੋ **intelligence@glaa.gsi.gov.uk**
- **0800 432 0804 'ਤੇ ਸਾਡੀ ਗੁਪਤ ਰਿਪੋਰਟਿੰਗ ਲਾਈਨ 'ਤੇ ਮੁਫ਼ਤ ਵਿੱਚ ਕਾਲ ਕਰੋ**
- ਸਾਡੀ ਵੈਬਸਾਈਟ ਦੁਆਰਾ **www.gla.gov.uk 'ਤੇ ਜਾਣਕਾਰੀ ਦਰਜ ਕਰੋ**
- GLAA, PO Box 10272, Nottingham, NG2 9PB 'ਤੇ ਸਾਨੂੰ ਲਿਖੋ।

ਜੇਕਰ ਤੁਸੀਂ ਇੱਕ ਅਨੁਭਵੀ ਸਲਾਹਕਾਰ ਨਾਲ ਆਪਣੇ ਰੋਜ਼ਗਾਰ ਦੇ ਅਧਿਕਾਰਾਂ ਬਾਰੇ ਚਰਚਾ ਕਰਨਾ ਪਸੰਦ ਕਰਦੇ ਹੋ ਤਾਂ ਆਪਣੀ ਸਥਾਨਕ Citizens Advice Bureau (ਨਾਗਰਿਕ ਸਲਾਹ ਬਿਊਰੋ) ਨਾਲ ਸੰਪਰਕ ਕਰੋ ਜਾਂ **0300 123 1100** 'ਤੇ ACAS Helpline (ACAS ਹੈਲਪਲਾਈਨ) ਨੂੰ ਕਾਲ ਕਰੋ।

# GLAA ਦੇ ਲਾਇਸੈਂਸਿੰਗ ਮਾਪਦੰਡ

ਤੁਹਾਡੇ ਰੋਜ਼ਗਾਰ ਪ੍ਰਦਾਤੇ ਨੂੰ ਚਾਹੀਦਾ ਹੈ ਕਿ ਉਹ ਮਜ਼ਦੂਰਾਂ ਨੂੰ ਯੂ.ਕੇ. ਦੇ ਕਾਨੂੰਨ ਤਹਿਤ ਘਟੀਆ ਵਤੀਰੇ ਅਤੇ ਸ਼ੋਸ਼ਣ ਤੋਂ ਬਚਾਏ।

ਸਮਾਨ ਕਾਨੂੰਨ ਤੁਹਾਨੂੰ ਕੁਝ ਕੁ ਅਧਿਕਾਰਾਂ ਦੇ ਯੋਗ ਬਣਾਉਂਦਾ ਹੈ ਅਤੇ ਇਹ ਅਜਿਹੀਆਂ ਗੱਲਾਂ ਨਾਲ ਸਬੰਧ ਰੱਖਦੇ ਹਨ:

- ਤੁਹਾਡੇ ਭੱਤੇ – ਤੁਹਾਨੂੰ ਰਾਸ਼ਟਰੀ ਨਿਊਨਤਮ ਭੱਤਾ ਮਿਲਣਾ ਚਾਹੀਦਾ ਹੈ
- ਤੁਸੀਂ ਛੁੱਟੀ ਲਈ ਕਿੰਨੀ ਤਨਖ਼ਾਹ ਪ੍ਰਾਪਤ ਕਰਦੇ ਹੋ
- ਤੁਹਾਡੇ ਇਕਰਾਰਨਾਮੇ ਵਿੱਚ ਨਿਯਮ ਅਤੇ ਸ਼ਰਤਾਂ
- ਕੰਮ ਦੀਆਂ ਬਰੇਕਾਂ ਦੀ ਲੰਬਾਈ ਅਤੇ ਵਾਰੰਵਾਰਤਾ
- ਤੁਹਾਡੇ ਨਾਲ ਕੰਮ 'ਤੇ ਕਿਹੋ ਜਿਹਾ ਵਤੀਰਾ ਹੁੰਦਾ ਹੈ
- ਇੱਕ ਉਸ ਤਰੀਕੇ ਨਾਲ ਸੰਚਾਲਨ ਕਰਕੇ ਤੁਹਾਡੀ ਸਿਹਤ, ਭਲਾਈ ਅਤੇ ਸੁਰੱਖਿਆ ਨੂੰ ਸੁਰੱਖਿਅਤ ਰੱਖਣਾ, ਜੋ ਤੁਹਾਨੂੰ ਸੁਰੱਖਿਅਤ ਰੱਖਦਾ ਹੋਵੇ ਅਤੇ/ਜਾਂ ਜਦੋਂ ਲੋੜ ਪਏ ਸੁਰੱਖਿਆ ਉਪਕਰਣ ਮੁਹੱਈਆ ਕਰਨਾ
- ਜੇਕਰ ਤੁਹਾਡੇ ਰੋਜ਼ਗਾਰ ਪ੍ਰਦਾਤੇ ਦੁਆਰਾ ਮੁਹੱਈਆ ਕੀਤਾ ਗਿਆ ਹੋਵੇ ਤਾਂ ਰਿਹਾਇਸ਼ ਅਤੇ ਆਵਾਜਾਈ ਦਾ ਮਿਆਰ

ਸਮਾਨ ਅਧਿਕਾਰਾਂ ਨੂੰ ਉਨ੍ਹਾਂ ਮਿਆਰਾਂ ਦੁਆਰਾ ਵੀ ਸੁਰੱਖਿਅਤ ਕੀਤਾ ਜਾਂਦਾ ਹੈ ਜੋ ਇੱਕ GLAA ਲਾਇਸੰਸ 'ਤੇ ਲਾਗੂ ਹੁੰਦੇ ਹਨ।

ਤੁਹਾਡੇ ਰੋਜ਼ਗਾਰ ਪ੍ਰਦਾਤੇ ਕੋਲ ਇੱਕ ਵਰਤਮਾਨ ਲਾਇਸੰਸ ਹੋਣਾ ਚਾਹੀਦਾ ਹੈ ਜੇਕਰ ਤੁਹਾਨੂੰ ਖੇਤੀਬਾੜੀ, ਬਾਗਵਾਨੀ, ਘੋਗੇ ਇਕੱਤਰ ਕਰਨ ਜਾਂ ਕਿਸੇ ਵੀ ਸਬੰਧਤ ਪ੍ਰਕਿਰਿਆ ਅਤੇ ਪੈਕੇਜਿੰਗ ਲਈ ਕੰਮ ਵਾਸਤੇ ਸਪਲਾਈ ਕੀਤਾ ਜਾ ਰਿਹਾ ਹੋਵੇ।

ਜੇਕਰ ਤੁਸੀਂ ਚਿੰਤਤ ਹੋਵੋ ਕਿ ਕੋਈ ਵਿਅਕਤੀ ਬਿਨਾਂ ਲਾਇਸੰਸ ਤੋਂ ਸੰਚਾਲਨ ਕਰ ਰਿਹਾ ਹੈ, ਜਾਂ ਉਹਨਾਂ ਦੀਆਂ ਕਾਨੂੰਨੀ ਲੋੜਾਂ ਨੂੰ ਪੂਰਾ ਨਹੀਂ ਕਰ ਰਿਹਾ ਹੈ, ਤਾਂ ਕਿਰਪਾ ਕਰਕੇ GLAA ਨਾਲ ਸੰਪਰਕ ਕਰੋ।